# ਇਲੈਕਟ੍ਰਾਨਿਕ ਸੂਚਨਾਵਾਂ ਬਾਰੇ ਇਕਰਾਰਨਾਮਾ

| ਕੇਸ ਦਾ ਨਾਂ | ਕੇਸ ਨੰਬਰ |
|---|---|
| ਕਾਉਂਟੀ ਵਰਕਰ ਦਾ ਨਾਂ | ਵਰਕਰ ਨੰਬਰ |

***ਸਵਾਲ:*** *ਇਲੈਕਟ੍ਰਾਨਿਕ ਸੂਚਨਾਵਾਂ ਕੀ ਹਨ?* ***ਜਵਾਬ:*** *ਇਲੈਕਟ੍ਰਾਨਿਕ ਸੂਚਨਾਵਾਂ ਜਾਂ ਈ-ਸੂਚਨਾਵਾਂ ਤੁਹਾਨੂੰ ਖਬਰਦਾਰ ਕਰਨ ਵਾਲੀਆਂ ਈਮੇਲਾਂ ਹਨ ਜੋ ਤੁਹਾਨੂੰ ਇਹ ਦਸਦੀਆਂ ਹਨ ਕਿ ਤੁਹਾਡੇ ਸੁਰੱਖਿਅਤ ਨਿੱਜੀ ਆਨਲਾਈਨ ਖਾਤੇ ਵਿਚ ਤੁਹਾਡੇ ਲਈ ਚਿੱਠੀ ਆਈ ਹੈ।*

- ਮੈਂ ਇਸ ਗੱਲ ਲਈ ਸਹਿਮਤ ਹਾਂ ਕਿ ਕਾਉਂਟੀ ਕਲਿਆਣ ਵਿਭਾਗ (CWD) ਵਲੋਂ ਆਉਣ ਵਾਲੀ ਸਾਰੀ ਡਾਕ ਮੈਨੂੰ ਈ-ਸੂਚਨਾ ਰਾਹੀਂ ਮਿਲੇ, ਸਿਵਾਏ ਸਟੇਟ ਸੁਣਵਾਈਆਂ ਦੇ ਨੋਟਿਸਾਂ ਦੇ, ਜੋ ਮੈਨੂੰ ਯੂ.ਐਸ. ਡਾਕ ਰਾਹੀਂ ਭੇਜੇ ਜਾਣਗੇ।

- ਮੈਂ ਆਪਣੇ ਈਮੇਲ ਖਾਤੇ ਵਿਚ ਭੇਜੀਆਂ ਗਈਆਂ ਸਾਰੀਆਂ ਈ-ਸੂਚਨਾਵਾਂ ਨੂੰ ਪੜ੍ਹਨ ਲਈ ਅਤੇ ਮੇਰੇ ਨਿੱਜੀ ਸੁਰੱਖਿਅਤ ਆਨਲਾਈਨ ਖਾਤੇ ਵਿਚ ਦਸਤਾਵੇਜ਼ਾਂ ਨੂੰ ਪੜ੍ਹਨ ਲਈ ਸਹਿਮਤ ਹਾਂ।

- ਮੈਂ ਆਪਣੀ ਈਮੇਲ ਨੇਮ ਨਾਲ ਵੇਖਣ ਲਈ ਸਹਿਮਤ ਹਾਂ (ਅਸੀਂ ਇਹ ਕੰਮ ਹਫਤੇ ਵਿਚ ਘੱਟੋ ਘੱਟ ਤਿੰਨ ਵਾਰੀ ਕਰਨ ਦੀ ਸਿਫਾਰਸ਼ ਕਰਦੇ ਹਾਂ) ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਆਪਣੀ ਮਹੱਤਤਾ ਛੇਤੀ ਗੁਆ ਸਕਣ ਵਾਲੀਆਂ ਚਿੱਠੀਆਂ ਨੂੰ ਮੈਂ ਸਮੇਂ ਸਿਰ ਦੇਖ ਸਕਾਂ।

- ਜੇ ਮੇਰਾ ਈਮੇਲ ਦਾ ਪਤਾ ਬਦਲ ਜਾਂਦਾ ਹੈ ਤਾਂ ਇਸ ਤਬਦੀਲੀ ਦੇ ਦਸ ਦਿਨਾਂ ਦੇ ਅੰਦਰ ਮੈਂ CWD ਨੂੰ ਇਸਦੀ ਸੂਚਨਾ ਲਈ ਨਵਾਂ ਇਲੈਕਟ੍ਰਾਨਿਕ ਸੂਚਨਾ ਇਕਰਾਰਨਾਮਾ ਭਰ ਕੇ ਦੇਣ ਲਈ ਸਹਿਮਤ ਹਾਂ।

- ਮੈਂ ਸਮਝਦਾ/ਸਮਝਦੀ ਹਾਂ ਕਿ ਮੇਰੇ ਨਿੱਜੀ ਸੁਰੱਖਿਅਤ ਆਨਲਾਈਨ ਖਾਤੇ ਵਿਚ ਭੇਜੇ ਗਏ ਨੋਟਿਸਾਂ ਨੂੰ ਮੇਰੀ ਈਮੇਲ ਵਿਚ ਪ੍ਰਾਪਤ ਹੋ ਜਾਣ ਤੇ ਮੇਰੇ ਦੁਆਰਾ ਪੜ੍ਹਿਆ ਸਮਝਿਆ ਜਾਏਗਾ, ਤਾਂ ਵੀ ਜਦ ਮੈਂ ਉਨ੍ਹਾਂ ਨਾ ਪੜ੍ਹਿਆ ਹੋਵੇ।

- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੈਂ ਮੰਗ ਕਰਾਂ ਤਾਂ CWD ਲਈ ਮੈਨੂੰ ਮੇਰੇ ਨਿੱਜੀ ਸੁਰੱਖਿਅਤ ਆਨਲਾਈਨ ਖਾਤੇ ਵਿਚ ਭੇਜੇ ਗਏ ਕਿਸੇ ਦਸਤਾਵੇਜ਼ ਦੀ ਕਾਗਜ਼ੀ ਕਾਪੀ ਦੇਣਾ ਜ਼ਰੂਰੀ ਹੋਵੇਗਾ।

- ਮੈਂ ਸਮਝਦਾ/ਸਮਝਦੀ ਹਾਂ ਕਿ ਜੇ ਮੇਰੇ ਦਿੱਤੇ ਈਮੇਲ ਪਤੇ ਤੇ ਭੇਜੀਆਂ ਗਈਆਂ ਈ-ਸੂਚਨਾਵਾਂ ਨਹੀਂ ਮਿਲਦੀਆਂ ਤਾਂ CWD ਵਾਪਸ ਰਵਾਇਤੀ ਡਾਕ ਰਾਹੀਂ ਕਾਗਜ਼ੀ ਚਿੱਠੀਆਂ ਭੇਜਣਾ ਸ਼ੁਰੂ ਕਰ ਦੇਵੇਗਾ।

- ਮੈਂ ਸਮਝਦਾ/ਸਮਝਦੀ ਹਾਂ ਕਿ ਮੈਂ ਕਿਸੇ ਵੀ ਸਮੇਂ ਈ-ਸੂਚਨਾਵਾਂ ਪ੍ਰਾਪਤ ਕਰਨਾ ਬੰਦ ਕਰਕੇ ਨੋਟਿਸ ਅਤੇ ਫਾਰਮ ਦੁਬਾਰਾ ਯੂ.ਐਸ. ਡਾਕ ਰਾਹੀਂ ਪ੍ਰਾਪਤ ਕਰਨਾ ਸ਼ੁਰੂ ਕਰ ਸਕਦਾ/ਸਕਦੀ ਹਾਂ। ਅਜਿਹਾ ਕਰਨ ਲਈ ਮੈਨੂੰ ਸਿਰਫ CWD ਨੂੰ ____________________ ਤੇ ਸੰਪਰਕ ਕਰਨਾ ਪਵੇਗਾ ਅਤੇ ਉਹਨਾਂ ਨੂੰ ਦੁਬਾਰਾ ਕਾਗਜ਼ੀ ਡਾਕ ਪ੍ਰਾਪਤ ਕਰਨ ਦੇ ਆਪਣੇ ਫੈਸਲੇ ਬਾਰੇ ਦੱਸਣਾ ਪਵੇਗਾ।

ਇਲੈਕਟ੍ਰਾਨਿਕ ਸੂਚਨਾਵਾਂ ਲਈ ਮੈਂ ਇਸ ਈਮੇਲ ਪਤੇ ਦੀ ਵਰਤੋਂ ਕਰਨਾ ਚਾਹੁੰਦਾ/ਚਾਹੁੰਦੀ ਹਾਂ

ਇਲੈਕਟ੍ਰਾਨਿਕ ਸੂਚਨਾਵਾਂ ਲਈ ਮੇਰਾ ਦੂਜਾ ਮਨਪਸੰਦ ਈਮੇਲ ਪਤਾ

| ਘਰ ਦੇ ਬਾਲਗ ਮੈਂਬਰ ਜਾਂ ਅਧਿਕਾਰ-ਪ੍ਰਾਪਤ ਪ੍ਰਤਿਨਿੱਧ ਦੇ ਦਸਤਖਤ (ਜਾਂ ਅੰਗੂਠਾ) | ਦਸਤਖਤ ਕਰਨ ਦੀ ਤਾਰੀਖ |
|---|---|
| ਪਤੀ/ਪਤਨੀ, ਰਜਿਸਟਰਡ ਘਰੇਲੂ ਪਾਰਟਨਰ, ਜਾਂ ਕੈਸ਼ ਸਹਾਇਤਾ ਪ੍ਰਾਪਤ ਕਰਨ ਵਾਲੇ ਬੱਚੇ(ਬੱਚਿਆਂ) ਦੇ ਦੂਜੇ ਪੇਰੰਟ ਦੇ ਦਸਤਖਤ (ਜਾਂ ਅੰਗੂਠਾ) | ਦਸਤਖਤ ਕਰਨ ਦੀ ਤਾਰੀਖ |